بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 15.10.2021

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਮਹਾਨ ਮਰਤਬਾ ਰਖੱਣ ਵਾਲੇ ਖ਼ਲੀਫ਼ਾ ਰਾਸ਼ਿਦ ਫ਼ਾਰੂਕ ਹਜ਼ਰਤ ਉਮਰ ਬਿਨ ਖ਼ਤਾਬ ਰਜ਼ੀ ਅਲੱਾਹੁ ਅਨਹੁ ਦੇ ਸਦਗੁਣਾ ਦਾ ਜ਼ਿਕਰ

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 15 ਅਕਤੂਬਰ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ

أَشْهَدُ أَنْ لَا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بعد فاعوذ بالله من الشيطٰن الرجيم۔

بِسۡمِ اللّٰہِ الرَّحۡمٰنِ الرَّحِیۡمِ ۔ اَلۡحَمۡدُ لِلّٰہِ رَبِّ الۡعٰلَمِیۡنَ ۔ الرَّحۡمٰنِ الرَّحِیۡمِ ۔ مٰلِکِ یَوۡمِ الدِّیۡنِ ۔ اِیَّاکَ نَعۡبُدُ وَ اِیَّاکَ نَسۡتَعِیۡنُ ۔ اِہۡدِنَا الصِّرَاطَ الۡمُسۡتَقِیۡمَ ۔ صِرَاطَ الَّذِیۡنَ اَنۡعَمۡتَ عَلَیۡہِمۡ غَیۡرِ الۡمَغۡضُوۡبِ عَلَیۡہِمۡ وَ لَا الضَّآلِّیۡنَ۔

ਤਸ਼ਹਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੀ ਸ਼ਹੀਦੀ ਦੇ ਹਵਾਲੇ ਪੱਖੋਂ ਸਹੀ ਬੁਖ਼ਾਰੀ ਦੀ ਰਿਵਾਇਤ ਤੋਂ ਪਤਾ ਲਗੱਦਾ ਹੈ ਸੀ ਕਿ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਉੱਤੇ ਹਮਲੇ ਦੇ ਸਮੇਂ ਫ਼ਜਰ ਦੀ ਨਮਾਜ਼ ਪੜ੍ਹੀ ਗਈ ਜੱਦਕਿ ਸਹੀ ਬੁਖ਼ਾਰੀ ਦੀ ਇਕ ਹੋਰ ਰਿਵਾਇਤ ਅਨੁਸਾਰ ਹਜ਼ਰਤ ਇਬਨੇ ਅਬੱਾਸ ਰਜ਼ੀ ਅਲੱਾਹੁ ਅਨਹੁ ਕਹਿੰਦੇ ਹਨ ਕਿ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦਾ ਬਹੁਤਾ ਰਕਤ ਵਹਿ ਜਾਣ ਕਰਕੇ ਗ਼ਸ਼ੀ ਆ ਗਈ ਤਾਂ ਮੈਂ ਲੋਕਾਂ ਦੀ ਮਦਦ ਨਾਲ ਉਠਾਕੇ ਉਹਨਾਂ ਨੂੰ ਘਰ ਪਹੁੰਚਾ ਦਿਤੱਾ । ਸਵੇਰ ਦਾ ਚਾਨ੍ਹਣਾ ਹੋਣ'ਤੇ ਜੱਦ ਆਪ ਰਜ਼ੀ ਅਲੱਾਹੁ ਅਨਹੁ ਨੂੰ ਹੋਸ਼ ਆਇਆ ਤਾਂ ਆਪ ਰਜ਼ੀ ਅਲੱਾਹੁ ਅਨਹੁ ਦੇ ਪੁਛੱਣ'ਤੇ ਦੱਸਿਆ ਕਿ ਲੋਕਾਂ ਨੇ ਨਮਾਜ਼ ਪੜ੍ਹ ਲਈ ਹੈ । ਇਸ'ਤੇ ਆਪ ਰਜ਼ੀ ਅਲੱਾਹੁ ਅਨਹੁ ਨੇ ਫ਼ਰਮਾਇਆ ਉਸ ਦਾ ਕੋਈ ਇਸਲਾਮ ਨਹੀਂ ਜਿਸਨੇ ਨਮਾਜ਼ ਛੱਡੀ । ਫਿਰ ਆਪ ਰਜ਼ੀ ਅਲੱਾਹੁ ਅਨਹੁ ਨੇ ਵੁਜ਼ੂ ਕੀਤਾ ਅਤੇ ਨਮਾਜ਼ ਪੜ੍ਹੀ । ਤਬਕਾਤੇ ਕੁਬਰਾ ਵਿੱਚ ਵੀ ਇਹੋ ਵਰਨਣ ਹੋਇਆ ਹੈ ਕਿ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਘਰ ਪਹੁੰਚਾਉਣ ਦੇ ਬਾਦ ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਰਜ਼ੀ ਅਲੱਾਹੁ ਅਨਹੁ ਨੇ ਨਮਾਜ਼ ਪੜ੍ਹਾਈ, ਜਿਸ ਵਿੱਚ ਦੋ ਛੋਟੀਆਂ ਸੂਰਤਾਂ ਪੜ੍ਹਨ ਦਾ ਜ਼ਿਕਰ ਮਿਲਦਾ ਹੈ ।

ਤਬਕਾਤੇ ਕੁਬਰਾ ਵਿੱਚ ਲਿਖਿਆ ਹੈ ਕਿ ਹਜ਼ਰਤ ਅਬਦੁਰ ਰਹਮਾਨ ਬਿਨ ਅਬੱਾਸ ਰਜ਼ੀ ਅਲੱਾਹੁ ਅਨਹੁ ਨੇ ਜੱਦ ਲੋਕਾਂ ਤੋਂ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਖ਼ੰਜਰ ਮਾਰਨ ਵਾਲੇ ਵਿਕਤੀ ਬਾਰੇ ਪੁੱਛਿਆ ਤਾਂ ਲੋਕਾਂ ਨੇ ਮਗ਼ੀਰਾ ਬਿਨ ਸ਼ਅਬਾ ਦੇ ਗ਼ੁਲਾਮ ਅਬੂ ਲੂਲੂ ਦਾ ਨਾਂ ਲਿਆ ਜਿਸਨੇ ਫੜੇ ਜਾਣ'ਤੇ ਉਸੇ ਖ਼ੰਜਰ ਨਾਲ ਆਤਮਹੱਤਿਆ ਕਰ ਲਈ । ਇਤਿਹਾਸਕਾਰਾਂ ਦੇ ਕਥਨਾ ਅਨੁਸਾਰ ਇਹ ਪ੍ਰਭਾਵ ਮਿਲਦਾ ਹੈ ਕਿ ਅਬੂਲੂਲੂ ਫ਼ਿਰੋਜ਼ ਨੇ ਵਕਤੀ ਜੋਸ਼ ਤੇ ਗੁੱਸੇ ਵਿੱਚ ਆਣਕੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਕਤਲ ਕਰ ਦਿਤੱਾ ਸੀ । ਇਤਿਹਾਸ ਤੇ ਜੀਵਨ ਚਰਿਤ੍ਰ ਦੀ ਮਹਤੱਵਪੂਰਨ ਕਿਤਾਬ 'ਅਲਬਦਾਯਹ ਵਨੱਹਾਯਹ' ਵਿੱਚ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਕਤਲ ਵਿੱਚ ਹਰਮਜ਼ਾਨ ਅਤੇ ਜਫ਼ੀਨਹ'ਤੇ ਕੀਤੇ ਗਏ ਸ਼ੰਕੇ ਦੇ ਸਿੱਟੇ ਵਿੱਚ ਕਈ

ਇਤਿਹਾਸਕਾਰ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਕਤਲ ਨੂੰ ਬਕਾਇਦਾ ਤੈਅ ਕੀਤਾ ਮਨਸੂਬਾ ਤੇ ਸਾਜ਼ਸ਼ ਕਰਾਰ ਦਿੰਦੇ ਹਨ ਅਤੇ ਮਦੀਨੇ ਵਿੱਚ ਰਹਿਣ ਵਾਲੇ ਦੇਖਣ ਨੂੰ ਮੁਸਲਮਾਨ ਇਰਾਨੀ ਸਿਪਾਸਾਲਾਰ ਹਰਮਜ਼ਾਨ ਨੂੰ ਇਸ ਵਿੱਚ ਸ਼ਮਾਲ ਸਮਝਦੇ ਸਨ ।

ਮੁਹਮੱਦ ਰਜ਼ਾ ਸਾਹਬ ਆਪਣੀ ਕਿਤਾਬ ਸੀਰਤ ਉਮਰ ਫ਼ਾਰੂਕ ਰਜ਼ੀ ਅਲੱਾਹੁ ਅਨਹੁ ਵਿੱਚ ਲਿਖੱਦੇ ਹਨ ਕਿ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਕੂਫ਼ਾ ਦੇ ਵਾਲੀ ਹਜ਼ਰਤ ਮੁਗ਼ੀਰਹ ਬਿਨ ਸ਼ਅਬਾ ਰਜ਼ੀ ਅਲੱਾਹੁ ਅਨਹੁ ਦੀ ਸਫ਼ਾਰਸ਼'ਤੇ ਉਹਨਾ ਦੇ ਇਕ ਹੁਨਰਮੰਦ ਗ਼ੁਲਾਮ ਅਬੂਲੂਲੂ ਜੋ ਲੁਹਾਰੇ ਤੇ ਚਿਤੱਰਕਾਰੀ ਦਾ ਮਾਹਰ ਤਰਖ਼ਾਣ ਸੀ ਮਦੀਨੇ ਆਉਣ ਦੀ ਆਗਿਆ ਦਿੱਤੀ । ਗ਼ੁਲਾਮ ਦੀ ਸ਼ਿਕਾਇਤ'ਤੇ ਕਿ ਹਜ਼ਰਤ ਮਗ਼ੀਰਹ ਰਜ਼ੀ ਅਲੱਾਹੁ ਅਨਹੁ ਨੇ ਉਸ'ਤੇ ਮਾਸਕ ਸੌ ਦਿਰਹਮ ਟੈਕਸ ਲਾਇਆ ਹੈ, ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਉਹ ਟੈਕਸ ਉਸਦੇ ਕੰਮ ਦੀ ਮਹਾਰਤ ਅਨੁਸਾਰ ਨਿਯੁਕਤ ਕਰ ਦਿਤੱਾ ਜਿਸ'ਤੇ ਉਹ ਨਰਾਜ਼ ਹੋ ਗਿਆ । ਇਕ ਦਿਨ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਹਵਾ ਨਾਲ ਚਲੱਣ ਵਾਲੀ ਚੱਕੀ ਬਨਾਉਣ ਬਾਰੇ ਪੁਛੱਣ'ਤੇ ਅਬੂਲੂਲੂ ਨੇ ਗੁੱਸੇ ਤੇ ਚੰਗਾ ਨ ਲਗੱਣ ਦੇ ਰੌਂ ਵਿੱਚ ਧਮਕੀ ਦੇ ਦਿੰਦਿਆਂ ਹੋਇਆਂ ਕਿਹਾ ਕਿ ਮੈਂ ਆਪ ਰਜ਼ੀ ਅਲੱਾਹੁ ਅਨਹੁ ਲਈ ਅਜਿਹੀ ਚੱਕੀ ਬਣਾਵਾਂਗਾ ਜਿਸਦੀ ਲੋਕ ਚਰਚਾ ਕਰਨਗੇ । ਉਸਨੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਸ਼ਹੀਦ ਕਰਨ ਦਾ ਪਕੱਾ ਨਿਸ਼ਚਾ ਕਰਕੇ ਗੁਪਤ ਦਸਤੇ ਵਾਲਾ ਦੁਧਾਰੀ ਖ਼ੰਜਰ ਬਣਾਕੇ ਵਿਸ਼ਯੁਕਤ ਕਰਕੇ ਇਰਾਨੀ ਸਿਪਾਸਾਲਾਰ ਹਰਮਜ਼ਾਨ ਨੂੰ ਦਿਖਾਇਆ, ਜਿਸਨੇ ਵਿਚਾਰ ਪ੍ਰਕਟ ਕੀਤਾ ਕਿ ਇਸ ਰਾਹੀਂ ਜਿਸ'ਤੇ ਵੀ ਹਮਲਾ ਹੋਵੇਗਾ ਮਾਰਿਆ ਜਾਵੇਗਾ । ਹਰਮਜ਼ਾਨ ਨੂੰ ਮੁਸਲਮਾਨਾ ਦੇ ਤੁਸਤਰ ਅਸਥਾਨ'ਤੇ ਕੈਦ ਕਰਕੇ ਮਦੀਨੇ ਭੇਜ ਦਿਤੱਾ ਸੀ । ਹਰਮਜ਼ਾਨ ਕਤਲ ਹੋਣ ਦੇ ਡਰ ਕਰਕੇ ਮੁਸਲਮਾਨ ਹੋ ਗਿਆ ਸੀ ।

ਤਬਕਾਤੇ ਇਬਨੇ ਸਅਦ ਵਿੱਚ ਨਾਫ਼ੇ ਦੀ ਰਿਵਾਇਤ ਅਨੁਸਾਰ ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਰਜ਼ੀ ਅਲੱਾਹੁ ਅਨਹੁ ਨੇ ਹਰਮਜ਼ਾਨ ਅਤੇ ਜਫ਼ੀਨਹ ਕੋਲ ਉਹ ਹੱਥਿਆਰ ਦੇਖਿਆ ਜਿਸ ਨਾਲ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਸ਼ਹੀਦ ਕੀਤਾ ਗਿਆ । ਜੱਦ ਤਿਬਰੀ ਵਿੱਚ ਵਰਨਣ ਸਈਦ ਬਿਨ ਮੁਸੈਬ ਰਜ਼ੀ ਅਲੱਾਹੁ ਅਨਹੁ ਦੀ ਰਿਵਾਇਤ ਅਨੁਸਾਰ ਅਬਦੁਰ ਰਹਮਾਨ ਬਿਨ ਅਬੀ ਬਕਰ ਰਜ਼ੀ ਅਲੱਾਹੁ ਅਨਹੁ ਨੇ ਉਹ ਖ਼ੰਜਰ ਦੇਖਿਆ ਸੀ ਜੋਦ ਅਬੂਲੂਲੂ ਜਫ਼ੀਨਹ ਤੇ ਹਰਮਜ਼ਾਨ ਵਿਚਕਾਰ ਡਿੱਗ ਗਿਆ ਸੀ । ਹਜ਼ਰਤ ਉਬੈਦੁਲੱਾਹ ਬਿਨ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਜੱਦ ਇਸ ਗੱਲ ਦਾ ਪਤਾ ਲਗੱਾ ਤਾਂ ਉਹਨਾਂ ਨੇ ਆਪਣੀ ਤਲਵਾਰ ਨਾਲ ਦੋਹਾਂ ਨੂੰ ਕਤਲ ਕਰ ਦਿਤੱਾ । ਇਕ ਹੋਰ ਥਾਂ ਵਰਨਣ ਹੈ ਕਿ ਹਜ਼ਰਤ ਉਬੈਦੁਲੱਾਹ ਬਿਨ ਉਮਰ ਰਜ਼ੀ ਅਲੱਾਹੁ ਅਨਹੁ ਨੇ ਜੱਦ ਹਰਮਜ਼ਾਨ'ਤੇ ਤਲਵਾਰ ਦਾ ਵਾਰ ਕੀਤਾ ਤਾਂ ਉਸਨੇ ਲਾਇਲਾਹਾ ਇਲਲੱਾਹ ਪੜ੍ਹਿਆ ਅਤੇ ਜੱਦ ਜੱਦ ਜਫ਼ੀਨਹ ਨੂੰ ਤਲਵਾਰ ਮਾਰੀ ਤਾਂ ਉਸਨੇ ਆਪਣੀਆ ਅਖੱਾਂ ਸਾਹਮਣੇ ਸਲੀਬ ਦਾ ਨਿਸ਼ਾਨ ਬਣਾਇਆ । ਬਾਦ ਵਿੱਚ ਉਹਨਾ ਨੇ ਅਬੂਲੂਲੂ ਦੀ ਬੇਟੀ ਨੂੰ ਕਤਲ ਕਰ ਦਿਤੱਾ ।

ਇਸੇ ਪ੍ਰਕਾਰ ਇਕ ਹੋਰ ਜੀਵਨੀ ਰਚਨਹਾਰ ਡਾਕਟਰ ਮੁਹਮੱਦ ਹੁਸੈਨ ਹੀਕਲ ਆਪਣੀ ਕਿਤਾਬ ਵਿੱਚ ਲਿੱਖਦੇ ਹਨ ਕਿ ਇਰਾਨੀ ਯਹੂਦੀ ਤੇ ਇਸਾਈ ਮੁਸਲਮਾਨਾ ਕੋਲੋਂ ਕਰਾਰੀ ਹਾਰ ਖਾਣ ਦੇ ਬਾਦ ਆਪਣੇ ਮਨਾ ਵਿੱਚ ਅਰਬਾਂ ਵਿਰੁਧ ਸਧਾਰਣ ਤੌਰ'ਤੇ ਅਤੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਵਿਰੁਧ ਵਿਸ਼ੇਸ਼ ਰੂਪ ਵਿੱਚ ਕੀਨੇ ਤੇ ਸਾੜੇ ਦੀਆਂ ਭਾਵਨਾਵਾਂ ਲੁਕਾਈ ਬੈਠੇ ਸਨ । ਹੋ ਸਕਦਾ ਹੈ ਕਿ ਅਬੂਲੂਲੂ ਦਾ ਕਰਮ ਮਦੀਨੇ ਵਿੱਚ ਅਜਮੀ ਤੇ ਬੇਦੀਨਾ ਦੀ ਸੰਖੇਪ ਜਿਹੇ ਜੱਥੇ ਦੇ ਗੁੱਸੇ ਤੇ ਬਦਲੇ ਦੀ ਭਾਵਨਾ ਨਾਲੇ ਭਰੇ ਹੋਏ ਲੋਕਾਂ ਦੀ ਸਾਜ਼ਸ਼ ਦੀ ਸਿਟੱਾ ਹੋਵੇ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਸਾਹਿਬਜ਼ਾਦੇ ਇਸ ਸਾਜ਼ਸ਼ ਤੋਂ ਪਰਦਾ ਚੁਕੱਣ ਤੇ ਉਸਦੀ ਤਹਿ ਤੱਕ ਪਹੁੰਚ ਸਕਦੇ ਸਨ ਜੇਕਰ ਅਬੂਲੂਲੂ ਫ਼ਿਰੋਜ਼ ਆਤਮਹੱਤਿਆ ਨ ਕਰਦਾ ਪਰੰਤੂ ਰੱਬ ਦੀ ਕੁਦਰਤ ਨੇ ਇਸ ਸਾਜ਼ਸ਼ ਵੱਲ ਮਾਰਗ ਦਰਸ਼ਨ ਕੀਤਾ । ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਰਜ਼ੀ ਅਲੱਾਹੁ ਅਨਹੁ ਅਤੇ ਹਜ਼ਰਤ ਅਬਦੁਰ ਰਹਮਾਨ ਬਿਨ ਅਬੀ ਬਕਰ ਰਜ਼ੀ ਅਲੱਾਹੁ ਅਨਹੁ ਮੁਸਲਮਾਨਾ ਵਿੱਚ ਸਭ ਤੋਂ ਵੱਧ ਵਿਸ਼ਵਾਸ਼ਯੋਗ ਗਵਾਹੀ ਦੇ ਰਹੇ ਹਨ ਕਿ ਜਿਸ ਛੁਰੇ ਨਾਲ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਸ਼ਹਹੀਦ ਕੀਤਾ ਗਿਆ ਉਹ ਹਰਮਜ਼ਾਨ ਤੇ ਜਫ਼ੀਨਹ ਕੋਲ

ਸੀ । ਇਸ ਮਗਰੋਂ ਸ਼ੰਕੇ ਦੀ ਕੋਈ ਗੱਲ ਬਾਕੀ ਨਹੀਂ ਰਹਿ ਜਾਂਦੀ ਕਿ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਇਸ ਸਾਜ਼ਸ਼ ਦੇ ਨਿਕਾਰ ਹੋਏ ।

ਬਹਿਰਹਾਲ ਹਜ਼ਰਤ ਉਬੈਦੁਲੱਾਹ ਬਿਨ ਉਮਰ ਰਜ਼ੀ ਅਲੱਾਹੁ ਅਨਹੁ ਦੀ ਕਾਰਵਾਈ ਦੀ ਕਾਨੂਨੀ ਤੌਰ'ਤੇ ਅਗਿਆ ਨਹੀਂ ਸੀ । ਕਿਸੇ ਵਿਅਕਤੀ ਨੂੰ ਅਧਿਕਾਰ ਨਹੀਂ ਕਿ ਉਹ ਆਪ ਬਦਲਾ ਲੈਂਣ ਲਈ ਖੜਾ ਹੋ ਜਾਏ ਜਾਂ ਆਪ ਆਪਣੇ ਹੱਕ ਆਪ ਵੁਸੂਲ ਕਰੇ ਜੱਦ ਕਿ ਮਾਮਲਿਆਂ ਦਾ ਫ਼ੈਸਲਾ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਅਤੇ ਆਪ ਦੇ ਬਾਦ ਆਪ ਸਲਲੱਾਹੁ ਅਲੈਹਿ ਵਸਲੱਮ ਦੇ ਖ਼ਲੀਫ਼ਿਆਂ ਲਈ ਵਿਸ਼ੇਸ਼ ਸੀ ਕਿ ਉਹ ਲੋਕਾਂ ਵਿਚਕਾਰ ਨਿਆਇਕ ਫ਼ੈਸਲੇ ਅਤੇ ਮੁਜਰਮ ਵਿਰੁਧ ਬਦਲੇ ਦਾ ਹੁਕੁਮ ਜਾਰੀ ਕਰਨ । ਇਸ ਵਿਚਾਰ ਤੋਂ ਬਹੁਤ ਦੂਰ ਦੀ ਗੱਲ ਨਹੀਂ ਕਿ ਇਹ ਕਤਲ ਇਕ ਬਕਾਇਦਾ ਸੋਚੀ ਸਮਝੀ ਸਾਜ਼ਸ਼ ਹੋਵੇ । ਕੁਝ ਇਤਿਹਾਸਕਾਰਾਂ ਦੀਆਂ ਦਲੀਲਾਂ ਵਿੱਚ ਭਾਰ ਹੈ ਕਿਉਂਕਿ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਇਸੇ ਪ੍ਰਕਾਰ ਇਕ ਸਾਜ਼ਸ਼ ਦਾ ਸ਼ਿਕਾਰ ਹੋਏ, ਜਿਸ ਤੋਂ ਇਸ ਸੰਦੇਹ ਨੂੰ ਹੋਰ ਪੱਕਿਆਈ ਮਿਲਦੀ ਹੈ ਕਿ ਇਸਲਾਮ ਦੀ ਵਧੱਦੀ ਹੋਈ ਤਰੱਕੀ ਅਤੇ ਜਿਤੱਾਂ ਨੂੰ ਰੋਕਣ ਤੇ ਆਪਣੇ ਬਦਲੇ ਦੀ ਅੱਗ ਨੂੰ ਠੰਡਾ ਕਰਨ ਲਈ ਬਾਹਰੀ ਅੰਸਰਾਂ ਨੇ ਇਕ ਸਾਜ਼ਸ਼ ਹੇਠ ਹਜ਼ਰਤ ਉਮਰ ਨੂੰ ਸ਼ਹੀਰਦ ਕੀਤਾ ਗਿਆ ਸੀ । (ਵਲੱਾਹੁ ਆਲਮ, ਰੱਬ ਜਾਣਦਾ ਹੈ ) ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਆਇਤ (وَلَيُبَدِّلَنَّهُمْ مِّنْ بَعْدِ خَوْفِهِمْ أَمْنًا) ਵਾਲਾਯੁਬੱਦਿ ਲਨੱਾਹੁਮ ਮਿੰਮਬਾਦੇ ਖ਼ੌਫ਼ਿਹਿਮ ਅਮਨਾ' ਦੀ ਵਿਆਇਖਆ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਖ਼ਲੀਫ਼ਿਆਂ'ਤੇ ਕੋਈ ਅਜਿਹੀ ਮੁਸੀਬਤ ਨਹੀਂ ਆਈ ਜਿਸ ਨਾਲ ਉਹਨਾ ਨੇ ਡਰ ਖਾਧਾ ਹੋਵੇ ਅਤੇ ਜੇਕਰ ਕੋਈ ਆਈ ਵੀ ਤਾਂ ਰੱਬ ਨੇ ਉਸਨੂੰ ਅਮਨ ਵਿੱਚ ਬਦਲ ਦਿਤੱਾ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨਿਰੰਤਰ ਦੁਆਵਾਂ ਕਰਿਆ ਕਰਦੇ ਸ ਕਿ ਹੇ ਅਲੱਾਹ ਮੈਂਨੂੰ ਮਦੀਨਿ ਵਿੱਚ ਸ਼ਹੀਦੀ ਪ੍ਰਦਾਨ ਕਰ । ਸੋ ਉਹਨਾ ਦੀ ਸ਼ਹੀਦੀ'ਤੇ ਕਿਵੇਂ ਕਿਹਾ ਜਾ ਸਕਦਾ ਹੈ ਉਹਨਾ'ਤੇ ਖ਼ੌਫ਼ ਦਾ ਸਮਾਂ ਆਇਆ ਤੇ ਰੱਬ ਨੇ ਅਮਨ ਨਾਲ ਨ ਬਦਲਿਆ । ਅਲੱਾਹ ਤਆਲਾ ਨੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੀ ਦੁਆ ਕੁਬੂਲ ਕਰ ਲਈ ਅਤੇ ਅਜਿਹੇ ਸਾਧਨ ਪੈਦਾ ਕਰ ਦਿੱਤੇ ਜਿੰਨ੍ਹਾ ਨਾਲ ਇਸਲਾਮ ਦਾ ਸਨਮਾਨ ਕਾਇਮ ਰਿਹਾ । ਸੋ, ਮਦੀਨਿ'ਤੇ ਕਿਸੇ ਬਾਹਰੀ ਲਸ਼ਕਰ ਦੇ ਹਮਾਲਾਵਰ ਹੋਣ ਦੀ ਥਾਂ ਅੰਦਰੋਂ ਹੀ ਇਕ ਖ਼ਬੀਸ (ਬਾਗ਼ੀ) ਵਿਅਕਤੀ ਉਠਿਆ ਅਤੇ ਉਸਨੇ ਖ਼ੰਜਰ ਨਾਲ ਆਪ ਰਜ਼ੀ ਅਲੱਾਹੁ ਅਨਹੁ ਨੂੰ ਸ਼ਹੀਦ ਕਰ ਦਿਤੱਾ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਨੇ ਗ਼ੁਲਾਮਾ ਦੀ ਆਜ਼ਾਦੀ ਦੇ ਹਵਾਲੇ ਨਾਲ ਇਸਲਾਮੀ ਸਿੱਖਿਆ ਵਰਨਣ ਕਰਦਿਆਂ ਹੋਇਆਂ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੀ ਸ਼ਹੀਦੀ ਦਾ ਸਬਬ ਵਰਨਣ ਕਰਦਿਆਂ ਹੋਇਆਂ ਫ਼ਰਮਾਇਆ ਕਿ ਇਹ ਹੁਕੁਮ ਸੀ ਕਿ ਗ਼ੁਲਾਮਾ ਨੂੰ ਬਿਨਾ ਕਿਸੇ ਤਾਵਾਨ (ਟੈਕਸ) ਦੇ ਰਿਹਾ ਕਰ ਦਿਓ । ਜੇਕਰ ਅਜਿਹਾ ਨਹੀਂ ਕਰ ਸਕਦੇ ਅਤੇ ਕੋਈ ਗ਼ੁਲਾਮ ਤਾਵਾਨ ਦੇਣ ਯੋਗ ਨਹੀਂ ਹੈ ਤਾਂ ਉਹ ਆਪਣੇ ਤਾਵਾਨ ਦੀਆਂ ਕਿਸਤਾਂ ਨਿਯੁਕਤ ਕਰਵਾ ਸਕਦਾ ਹੈ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਇਕ ਅਜਿਹੇ ਹੀ ਗ਼ੁਲਾਮ ਨੇ ਮਾਰਿਆ ਸੀ ਜਿਸ ਨਾਲ ਮੁਕਾਤਬਤ ਹੋਈ ਸੀ । ਇਕ ਮੁਕਦੱਮਾ ਆਪ ਰਜ਼ੀ ਅਲੱਾਹੁ ਅਨਹੁ ਕੋਲ ਆਇਆ ਕਿ ਕਿਸੇ ਵਿਅਕਤੀ ਦਾ ਗ਼ੁਲਾਮ ਕਮਾਉਂਦਾ ਬਹੁਤ ਸੀ ਪਰ ਮਾਲਕ ਨੂੰ ਬਹੁਤ ਘੱਟ ਦਿੰਦਾ ਸੀ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਸਾਢੇ ਤਿੰਨ ਆਨੇ ਉਸਦੇ ਜ਼ਿੰਮੇ ਲਾ ਦਿੱਤੇ ਕਿ ਮਾਲਕ ਨੂੰ ਦਿਆ ਕਰੇ । ਇਸ ਫ਼ੈਸਲੇ ਨੂੰ ਉਸਨੇ  ਇਰਾਨੀ ਹੋਣ ਕਰਕੇ ਆਪਣੇ ਵਿਰੁਧ ਸਮਝਿਆ ਅਤੇ ਗੁੱਸੇ ਵਿੱਚ ਦੂਜੇ ਹੀ ਦਿਨ ਖ਼ੰਜਰ ਨਾਲ ਆਪ'ਤੇ ਹਮਾਲਾ ਕਰ ਦਿਤੱਾ ਅਤੇ ਉਸ ਦੇ ਜ਼ਖ਼ਮਾ ਕਰਕੇ ਆਪ ਰਜ਼ੀ ਅਲੱਾਹੁ ਅਨਹੁ  ਸ਼ਹੀਦ ਹੋ ਗਏ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਨੇ ਇਸ ਪੀੜਾਦਾਇਕ ਘਟਨਾ ਦਾ ਵਰਨਣ ਕਰਦਿਆਂ ਹੋਇਆਂ ਕਿਹਾ ਕਿ ਇਸ ਦਾ ਇਸਲਾਮ'ਤੇ ਅੱਜ ਤੱਕ ਪ੍ਰਭਾਵ ਹੈ ਅਤੇ ਉਹ ਇਸ ਪ੍ਰਕਾਰ ਕਿ ਭਾਵੇਂ ਮੌਤ ਹਰ ਸਮੇਂ ਨਾਲ ਲੱਗੀ ਹੋਈ ਹੈ ਪਰ ਅਜਿਹੇ ਸਮੇਂ ਮੌਤ ਆਉਣ ਦਾ ਵਿਚਾਰ ਨਹੀਂ ਕੀਤਾ ਜਾਂਦਾ ਜੱਦ ਅੰਗ ਮਜ਼ਬੂਤ ਹੋਣ । ਪਰ ਜੱਦ ਅੰਕ ਕਮਜ਼ੋਰ ਹੋਣ ਅਤੇ ਸਿਹਤ ਮਾੜੀ ਹੋਵੇ ਤਾਂ ਲੋਕਾਂ ਦੇ ਵਿਚਾਰਾਂ ਵਿੱਚ ਅਪਾਣੇ ਆਪ ਭਵਿੱਖ ਦੇ ਪ੍ਰਬੰਧਾਂ ਬਾਰੇ ਵਿਚਾਰ ਆਓਨੁਣੇ ਸ਼ੁਰੂ ਹੋ ਜਾਂਦੇ ਹਨ । ਉਹ ਇਖ ਇਕ

ਦੂਜੇ ਇਸ ਬਾਰੇ ਗਲੱਾਂ ਨਹੀਂ ਕਰਦੇ ਪਰ ਆਪਣੇ ਆਪ ਹੀ ਅਜਿਹਰੀ ਰੌਂ ਪੈਦਾ ਹੋ ਜਾਂਦੀ ਹੈਹ ਜੋ ਭਵਿੱਖ ਬਾਰੇ ਪ੍ਰਬੰਧ ਕਰਨ ਬਾਰੇ ਗ਼ੌਰ ਕਰਨ ਲਈ ਕਹਿੰਦੀ ਹੈ । ਇਸ ਕਰਕੇ ਜੱਦ ਇਮਾਮ ਫ਼ੌਤ ਹੋਵੇ ਤਾਂ ਲੋਕ ਚੁਕੰਨ੍ਹੇ ਹੁੰਦੇ ਹਨ । ਕਿਉਂਕਿ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਅੰਗ ਮਜ਼ਬੂਤ ਸਨ ਭਾਵੇਂ ਉਹਨਾ ਦੀ ਉਮਰ 63 ਵਰ੍ਹਿਆਂ ਦੀ ਹੋ ਚੁੱਕੀ ਸੀ ਪਰ ਸਹਾਬਾ ਦੀ ਸੋਚ ਵਿੱਚ ਇਹ ਨਹੀਂ ਸੀ ਕਿ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਉਹਨਾ ਤੋਂ ਛੇਤੀ ਅੱਡ ਹੋ ਜਾਣਗੇ । ਇਸ ਕਰਕੇ ਉਹ ਭਵਿੱਖ ਦੇ ਪ੍ਰਬੰਧਾਂ ਬਾਰੇ ਬੇਖ਼ਬਰ ਸਨ ਕਿ ਅਚਨਚੇਤ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੀ ਮੁਸੀਬਤ ਆਣ ਪਈ । ਇਸ ਸਮੇਂ ਜਮਾਤ ਕਿਸੇ ਹੋਰ ਇਮਾਮ ਨੂੰ ਕੁਬੂਲ ਕਰਨ ਲਈ ਤਿਆਰ ਨਹੀਂ ਸੀ । ਇਸ ਸਮੇਂ ਤਿਆਰੀ ਨ ਹੋਣ ਕਰਕੇ ਸਿਟੱਾ ਇਹ ਹੋਇਆ ਕਿ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਨਾਲ ਲੋਕਾਂ ਨੂੰ ਉਹ ਲਗਾਉ ਨ ਪੈਦਾ ਹੋਇਆ ਜੋ ਹੋਣਾ ਚਾਹੀਦਾ ਸੀ ਇਸ ਕਰਕੇ ਇਸਲਾਮ ਦੀ ਹਾਲਤ ਬਹੁਤ ਨਾਜ਼ੁਕ ਹੋ ਗਈ ਅਤੇ ਹਜ਼ਰਤ ਅਲੀ ਰਜ਼ੀ ਅਲੱਾਹੁ ਅਨਹੁ ਸਮੇਂ ਹੋਰ ਵੀ ਨਾਜ਼ੁਕ ਹੋ ਗਈ । ਜੋ ਫ਼ਸਾਦ ਬਾਦ ਵਿੱਚ ਹੋਏ ਉਸਦਾ ਇਕ ਕਾਰਣ ਇਹ ਵੀ ਹੋ ਸਕਦਾ ਹੈ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਨੇ ਨਮਾਜ਼ ਦੇ ਮੌਕੇ ਕੁਝ ਵਿਅਕਤੀਆਂ ਨੂੰ ਸੁਰੱਖਿਆ ਲਈ ਨਿਯੁਕਤ ਕਰਨ ਬਾਰੇ ਵੀ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੀ ਸ਼ਹੀਦੀ ਦੀ ਘਟਨਾ ਵਰਨਣ ਕਰਦਿਆਂ ਹੋਇਆਂ ਫ਼ਰਮਾਇਆ ਕਿ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁੇ ਨਾਲ ਮੁਸਲਮਾਨ ਵੀ ਨਮਾਜ਼ ਵਿੱਚ ਲੀਨ ਸਨ ਕਿ ਇਕ ਬਦਮਾਸ਼ ਵਿਅਕਤੀ ਦੇ ਅੱਗੇ ਵਧੱਕੇ ਖ਼ੰਜਰ ਨਾਲ ਵਾਰ ਕੀਤਾ । ਕੁਰਆਨ ਕਰੀਮ ਦਾ ਸਪਸ਼ਟ ਹੁਕੁਮ ਹੈ ਕਿ ਸੁਰੱਖਿਆ ਲਈ ਮੁਸਲਮਾਨਾਂ ਵਿੱਚੋਂ ਅੱਧੇ ਖੜ੍ਹੇ ਰਿਹਾ ਕਰਨ ਭਾਵੇਂ ਇਹ ਜੰਗ ਦੇ ਸਮੇਂ ਦੀ ਗੱਲ ਹੈ ਪਰ ਇਸ ਤੋਂ ਇਹ ਸਿਟੱਾ ਕਢਿਆ ਜਾ ਸਕਦਾ ਹੈ ਕਿ ਨਿੱਕੇ ਫਿਤਨਿਆਂ ਦੇ ਵਾਪਰਣ ਤੋਂ ਪਹਿਲਾਂ ਜੇਕਰ ਕੁਝ ਵਿਅਕਤੀ ਨਮਾਜ਼ ਸਮੇਂ ਖੜੇ ਕਰ ਦਿੱਤੇ ਜਾਣ ਤਾਂ ਇਹ ਇਤਰਾਜ਼ ਯੋਗ ਨਹੀਂ । ਇਸ ਘਟਨਾ ਦੇ ਬਾਦ ਸਹਾਬਾ ਨੇ ਪ੍ਰਬੰਧ ਕੀਤਾ ਕਿ ਜੱਦ ਵੀ ਨਮਾਜ਼ ਪੜ੍ਹਦੇ ਤਾਂ ਹਮੇਸ਼ਾਂ ਹੀ ਸੁੱਰਖਿਆ ਲਈ ਪਹਿਰੇ ਰਖੱਦੇ ।

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਦੇਹਾਂਤ ਸਮੇਂ ਲੋੜਵੰਦਾਂ ਤੇ ਗ਼ਰੀਬਾਂ'ਥੇ ਖ਼ਰਚ ਕਰਨ ਕਰਕੇ ਓਹਨਾਂ ਦੇ ਜ਼ਿੱਮੇ ਛਿਆਸੀ ਹਜ਼ਾਰ ਦਿਰਹਮ ਕਰਜ਼ ਸੀ । ਕਿਤਾਬ ਵਫ਼ਾਉਲ ਵਫ਼ਾ ਵਿੱਚ ਹਜ਼ਰਤ ਇਬਨੇ ਉਮਰ ਰਜ਼ੀ ਅਲੱਾਹੁ ਅਨਹੁ ਤੋਂ ਰਿਵਾਇਥ ਹੈ ਕਿ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਹਜ਼ਰਤ ਅਬਦੁਲੱਾਹ ਰਜ਼ੀ ਅਲੱਾਹੁ ਅਨਹੁ ਅਤੇ ਹਜ਼ਰਤ ਹਫ਼ਜ਼ਹ ਰਜ਼ੀ ਅਲੱਾਹੁ ਅਨਹੁ ਅਨਹੁ ਨੂੰ ਖਰਜ਼ਿਆਂ ਦੀ ਦੇਣਦਾਰੀ ਲਈ ਆਪਣੇ ਘਰ ਵੇਚਣ ਅਤੇ ਬਨੂ ਅਦੀ ਅਤੇ ਕੁਰੈਸ਼ ਤੋਂ ਬਿਨਾ ਕਿਸੇ ਹੋਰ ਤੋਂ ਮਦਦ ਨ ਮੰਗਣ ਦੀ ਹਿਦਾਇਤ ਕੀਤੀ । ਹਜ਼ਰ ਅਬਦੁਲੱਾਹ ਬਿਨ ਉਮਰ ਰਜ਼ੀ ਅਲੱਾਹੁ ਅਨਹੁ ਨੇ ਹਜ਼ਰਤ ਮੁਆਵੀਆਹ ਰਜ਼ੀ ਅਲੱਾਹੁ ਅਨਹੁ ਨੂੰ ਉਹ ਘਰ ਵੇਚਕੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦਾ ਕਰਜ਼ਾ ਦੇ ਦਿਤੱਾ । ਇਸ ਘਰ ਨੂੰ ਦਾਰੁਲ ਕਜ਼ਾਇਦੈਨਿ ਉਮਰ ਕਿਹਾ ਜਾਣ ਲਗੱਾ । ਅਰਥਾਤ ਓਹ ਘਰ ਜਿਸ ਰਾਹੀਂ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦਾ ਕਰਜ਼ਾ ਦਿਤੱਾ ਗਿਆ ਸੀ ।

ਇਹ ਜ਼ਿਕਰ ਅਜੇ ਹੋਰ ਚੱਲ ਰਿਹਾ ਹੈ ਇਨਸ਼ਾਅਲੱਾਹ ਭਵਿੱਖ ਵਿੱਚ ਜ਼ਿਕਰ ਹੋਵੇਗਾ ।

اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ
یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ۔ عِبَادَ اللّٰہِ رحمکم اللّٰہ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی
وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔

**Khulasa Khutba Jumma 15.10.2021**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131